## ਸੈਂਟਰਲ ਯੂਨੀਫਾਈਡ ਦੀ ਐਸਰ 3(ESSER III) ਨੂੰ ਖਰਚਣ ਦੀ ਯੋਜਨਾ ਦਾ ਸਾਰ

# ਐਸਰ 3( *ESSER III)* ਯੋਜਨਾ ਵਿੱਚ ਕਮਿਊਨਿਟੀ ਦੇ ਸੁਝਾਵਾਂ ਨੂੰ ਪ੍ਰਤੀਬਿੰਬਿ:

ਕਮਿਊਨਿਟੀ ਮੈਂਬਰਾਂ, ਅਧਿਆਪਕਾਂ, ਕਲਾਸੀਫਾਈਡ ਸਟਾਫ, ਵਿਦਿਆਰਥੀਆਂ ਅਤੇ ਸੈਂਟਰਲ ਯੂਨੀਫਾਈਡ ਦੀ ਕਮਿਊਨਿਟੀ ਦੀ ਇਨਪੁੱਟ ਕਈ ਤਰੀਕਿਆਂ ਨਾਲ ਐਸਰ 3(ESSER III) ਖਰਚ ਯੋਜਨਾ ਵਿੱਚ ਪ੍ਰਤੀਬਿੰਬਤ ਹੁੰਦੀ ਹੈ।

ਸੁਰੱਖਿਅਤ ਇਨਪਰਸਨ ਪੜ੍ਹਾਈ ਲਈ ਮੁੜ ਵਾਪਸ ਆਉਣ ਅਤੇ ਕੋਵਿਡ-19 ਦੇ ਪ੍ਰਤੀਕਰਮ ਵਿੱਚ **ਰੈਪਿਡ ਟੈਸਟਿੰਗ ਟੀਮ** ਅਤੇ ਗ੍ਰੈਨਵਿਲ ਟੀਗ ਕਮਿਊਨਿਟੀ ਰਿਸੋਰਸ ਸੈਂਟਰ ਬਣਾਉਣ, **ਸੁਵਿਧਾਵਾਂ (ਫੈਸਿਲਿਟੀਸ) ਦੀ ਕਾਰਵਾਈ** ਵਿੱਚ (ਰੋਗਾਣੂ -ਮੁਕਤ, ਰੱਖ -ਰਖਾਅ ਅਤੇ ਸੁਰੱਖਿਆ), **ਸਿਹਤ ਅਤੇ ਟ੍ਰਾਂਸਪੋਰਟੇਸ਼ਨ ਦੇ ਸਟਾਫ** ਵਿੱਚ ਵਾਧਾ ਕਰਨ ਵਿੱਚ ਪ੍ਰਤੀਬਿੰਬਤ ਹੁੰਦਾ ਹੈ।, ਅਤੇ ਸੈਕੰਡਰੀ ਸਕੂਲ ਵਿੱਚ ਵਿਦਿਆਰਥੀ ਲਿਏਸਾਨਾ ਦੀ ਗਿਣਤੀ ਵਿੱਚ ਵਾਧਾ।

ਗ੍ਰੈਜੂਏਸ਼ਨ ਸਹਾਇਤਾ ਅਤੇ ਕਾਲਜ-ਕਰੀਅਰ ਲਈ ਤਿਆਰੀ ਵਿੱਚ ਦਿਲਚਸਪੀ, ਕ੍ਰੈਡਿਟ ਦੀ ਘਾਟ ਵਾਲੇ ਵਿਦਿਆਰਥੀਆਂ ਦੀ ਸਹਾਇਤਾ, ਅਤਿਰਿਕਤ ਅਕਾਦਮਿਕ ਸੇਵਾਵਾਂ, ਕਮਿਊਨਿਟੀ ਲਰਨਿੰਗ ਹੱਬਾਂ, ਅਤੇ ਵਿਸਥਾਰਤ ਕੀਤੇ ਗਏ ਸਿੱਖਣ ਦੇ ਸਮੇਂ ਆਦਿ ਕਿਰਿਆਵਾਂ ਵਿੱਚ ਝਲਕਦੀ ਹੈ।

ਅਤਿਰਿਕਤ ਅਕਾਦਮਿਕ ਸੇਵਾਵਾਂ ਨੂੰ ਜੋੜਨ ਦੀ ਕਾਰਵਾਈ ਵਿੱਚ **ਡੇਟਾ ਦੇ ਅਧਾਰ ਤੇ ਪਾਈਆ ਗਈਆ ਜ਼ਰੂਰਤਾਂ ਦੇ ਅਨੁਸਾਰ ਸਟਾਫ ਵਧਾਉਣ** ਦੀ ਵਿਵਸਥਾ ਵੀ ਸ਼ਾਮਲ ਹੈ। **ਇੰਡਿਪੈਂਡੈਂਟ ਸਟੱਡੀ** ਕੌਰਨਟੀਨ ਦੇ ਦੌਰਾਨ ਸਿੱਖਣ ਦੇ ਟੀਚਿਆਂ ਨੂੰ ਪੂਰਾ ਕਰਨ ਦੇ ਨਾਲ ਨਾਲ ਸੁਰੱਖਿਅਤ ਇਨ-ਪਰਸਨ ਪੜ੍ਹਾਈ ਦੀ ਚਿੰਤਾ ਦੇ ਹੱਲ ਨੂੰ ਦਰਸਾਉਂਦਾ ਹੈ।

ਵਿਸਤ੍ਰਿਤ ਪੜ੍ਹਾਈ ਦੀ ਕਿਰਿਆ ਜਾਂ ਪੜ੍ਹਾਈ ਦੇ ਵੱਧ ਮੌਕਿਆ ਵਿੱਚ ਆਫਟਰ ਸਕੂਲ ਪ੍ਰੋਗਰਾਮ, ਇੰਟਰਸ਼ੈਸ਼ਨ (ਸਰਦੀਆਂ ਵਿੱਚ, ਗਰਮੀਆਂ ਵਿੱਚ) ਅਤੇ ਸ਼ਨੀਵਾਰ ਸਕੂਲ ਸ਼ਾਮਲ ਹੈ। ਤਕਨਾਲੋਜੀ ਦਾ ਸਹਾਇਤਾ ਲਈ ਬੇਨਤੀ ਨੂੰ **ਕਮਿਊਨਿਟੀ ਹੱਬਾਂ** ਅਤੇ **ਵਿਦਿਅਕ ਤਕਨਾਲੋਜੀ** (ਡਿਵਾਇਸਾਂ, ਸੌਫਟਵੇਅਰ ਅਤੇ ਹੌਟ ਸਪਾਟ) ਨਾਲ ਸੰਬੋਧਿਤ ਕੀਤਾ ਗਿਆ ਹੈ। **ਮਾਨਸਿਕ ਸਿਹਤ** ਅਤੇ **ਵਿਵਹਾਰ ਸੰਬੰਧੀ ਸਹਾਇਤਾ** ਸਿੱਖਣ ਦੀਆਂ ਹੋਰ ਰੁਕਾਵਟਾਂ ਨੂੰ ਦੂਰ ਕਰਨ ਲਈ ਏਕੀਕ੍ਰਿਤ ਵਿਦਿਆਰਥੀ ਸਹਾਇਤਾ ਵਿੱਚ ਦਰਸਾਈਆਂ ਗਈਆਂ ਹਨ।

# ਵਿਦਿਆਰਥੀਆ ਦੀਆਂ ਲੋੜਾਂ ਨੂੰ ਸੰਬੋਧਿਤ ਕਰਨ ਵਾਲੀਆ ਕਾਰਵਾਈਆ ਅਤੇ ਖਰਚੇ

## ਸੁਰੱਖਿਅਤ ਇਨ-ਪਰਸਨ ਪੜਾਈ ਲਈ ਰਣਨੀਤੀਆ

| | ਕਾਰਵਾਈ | ਵਿਆਖਿਆ | ਅਨੁਮਾਨਿਤ ਖਰਚ |
|---|---|---|---|
| 1 | ਰੈਪਿਡ ਟੈਸਟਿੰਗ ਸਾਈਟ | • ਗ੍ਰੈਨਵਿਲ ਟੀਗ ਰਿਸੋਰਸ ਸੈਂਟਰ ਵਿੱਚ ਰੈਪਿਡ ਟੈਸਟਿੰਗ ਸੈਂਟਰ ਬਣਾਇਆ ਗਿਆ ਹੈ | |
| 2 | ਸਹੂਲਤਾਂ/ਇਮਾਰਤਾਂ | • ਸਟਾਫ ਅਤੇ ਵਿਦਿਆਰਥੀਆਂ ਲਈ ਇੱਕ ਸੁਰੱਖਿਅਤ ਅਤੇ ਸਿਹਤਮੰਦ ਵਿਦਿਅਕ ਅਨੁਭਵ ਪ੍ਰਦਾਨ ਕਰਨ ਲਈ ਸਹੂਲਤਾਂ ਦੀ ਸਾਂਭ -ਸੰਭਾਲ, ਅਪਡੇਟਸ ਅਤੇ ਜ਼ਰੂਰੀ ਸਮਗਰੀ ਪ੍ਰਦਾਨ ਕਰਨਾ। | |
| 3 | ਸਿਹਤ ਸਟਾਫ | • ਸਿਹਤ ਸੇਵਾਂਵਾਂ ਲਈ ਵਧਾਇਆ ਹੋਇਆ ਸਟਾਫ (4 LVN, 1 RN) | |
| 4 | ਟ੍ਰਾਂਸਪੋਰਟੇਸ਼ਨ/ਆਵਾਜਾਈ | • ਟ੍ਰਾਂਸਪੋਰਟੇਸ਼ਨ ਸਟਾਫ ਵਧਾਇਆ ਗਿਆ ਹੈ ਤਾਂ ਜੋ ਬੱਸ ਤੇ' ਘੱਟ ਸਮਾਂ ਤੇ ਵੱਧ ਸਮਾਜਿਕ ਦੂਰੀ ਰੱਖਣ ਨੂੰ ਸੰਭਵ ਬਣਾਇਆ ਜਾ ਸਕੇ | |
| 5 | ਸਟੂਡੈਂਟ ਲਿਏਸਾਨ | • ਸੈਂਟਰਲ ਯੂਐਸਡੀ ਵਿਦਿਆਰਥੀਆ ਦੀ ਨਿਗਰਾਨੀ ਕਰਨ ਅਤੇ ਵਿਦਿਆਰਥੀਆ ਦੀ ਸੁਰੱਖਿਆ ਅਤੇ ਚੰਗੀ ਸਿਹਤ ਲਈ ਸਮਾਜਿਕ ਦੂਰੀਆ ਅਤੇ ਮਾਸਕ ਪਹਿਨਣ ਨੂੰ ਉਤਸ਼ਾਹਤ ਕਰਨ ਲਈ ਹੋਰ ਸਟੂਡੈਂਟ ਲਿਏਸਾਨ ਸ਼ਾਮਲ ਕਰੇਗਾ। | |

## ਗੁੰਮ ਹੋਏ ਪੜਾਈ ਦੇ ਸਮੇਂ ਦੇ ਪ੍ਰਭਾਵ ਨੂੰ ਸੰਬੋਧਿਤ ਕਰਦੇ ਹੋਏ

| | ਕਾਰਵਾਈ | ਵਿਆਖਿਆ | ਅਨੁਮਾਨਤ ਖਰਚ |
|---|---|---|---|
| 6 | ਵਿਸਤ੍ਰਿਤ/ਵਧਾਇਆ ਹੋਇਆ ਸਿਖਲਾਈ ਸਮਾਂ | • ਸਕੂਲ ਤੋਂ ਪਹਿਲਾ, ਥੈਂਕਸਗਿਵਿੰਗ ਬ੍ਰੇਕ ਦੇ ਦੌਰਾਨ, ਸਰਦੀਆ ਦੀਆਂ ਛੁੱਟੀਆ ਅਤੇ ਬਸੰਤ ਰੁੱਤ ਦੇ ਦੌਰਾਨ ਪੜਾਈ। ਗਰਮੀਆ ਦੇ 4-6 ਹਫਤੇ ਉਹਨਾਂ ਵਿਦਿਆਰਥੀਆ ਲਈ ਜਿਹਨਾਂ ਨੂੰ ਸਾਖਰਤਾ, ਅੰਕਾਂ, ਅਤੇ ਅੰਗਰੇਜੀ ਭਾਸ਼ਾ ਪ੍ਰਾਪਤੀ ਲਈ ਵੱਧ ਸਹਾਇਤਾ ਦੀ ਲੋੜ ਹੁੰਦੀ ਹੈ। ਇੰਟਰਸੈਸ਼ਨਾਂ ਵਿੱਚ ਹਾਈ ਸਕੂਲ ਦੇ ਵਿਦਿਆਰਥੀਆਂ ਲਈ ਕ੍ਰੈਡਿਟ-ਰਿਕਵਰੀ ਸ਼ਾਮਲ ਹੋਵੇਗੀ। | |
| 7 | ਪੜਾਈ ਵਿੱਚ ਆਏ ਅੰਤਰ ਨੂੰ ਖਤਮ ਕਰਨ ਲਈ ਤਰੱਕੀ ਵਿੱਚ ਤੇਜੀ ਲਿਆਉਣਾ। | • ਸਾਰੇ ਸਕੂਲਾਂ ਵਿੱਚ ਫੰਡਾਂ ਦੀ ਵੰਡ ਕਰਨੀ, ਅਜਿਹੀਆ ਗਤੀਵਿਧੀਆ ਨੂੰ ਲਾਗੂ ਕਰਨ ਲਈ ਜੋ ਸਿਖਲਾਈ ਵਿੱਚ ਵਾਧਾ ਕਰਦੀਆ ਹਨ ਅਤੇ ਪ੍ਰਾਪਤੀ ਦੀ ਗਤੀ ਤੇਜ ਕਰਦੀਆ ਹਨ। ਇਹ ਖਰਚੇ ਸਿਖਲਾਈ ਦੇ ਅੰਤਰ ਨੂੰ ਘੱਟ ਕਰਨ ਲਈ ਪਿੱਛੇ ਰਹਿ ਗਏ ਵਿਦਿਆਰਥੀਆ ਤੇ' ਧਿਆਨ ਕੇਂਦਰਤ ਕਰਨਗੇ। (ਸਹਾਇਤਾ ਕਰਮਚਾਰੀ, ਇੰਟਰਵੈਸ਼ਨ ਟੀਚਰ, ਸਾਖਰਤਾ, ਗਣਿਤ ਲਈ ਸਰੋਤ, ਅਤੇ ਸਕੂਲ ਯੋਜਨਾਂਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਲੋੜੀਂਦੀ ਸਾਈਟ ਪੱਧਰ ਦੀ ਸਿਖਲਾਈ)<br>• ਵਿਦਿਆਰਥੀਆ ਲਈ 24/7 ਆਨਲਾਈਨ ਟਿਊਸ਼ਨ ਸੇਵਾਂਵਾਂ, ਸਾਰੇ ਵਿਦਿਆਰਥੀਆ ਨੂੰ ਸਾਰੇ ਮੁੱਖ ਵਿਸ਼ਾ ਖੇਤਰਾਂ ਦੇ ਪੂਰੀ ਤਰਾਂ ਯੋਗਤਾ ਪ੍ਰਾਪਤ ਅਧਿਆਪਕਾਂ ਤੱਕ ਪਹੁੰਚ ਪ੍ਰਦਾਨ ਕਰਨ ਲਈ | |
| 8 | ਏਕੀਕ੍ਰਿਤ ਵਿਦਿਆਰਥੀ ਸਹਾਇਤਾ ਹੋਰ ਰੁਕਾਵਟਾਂ ਨੂੰ ਦੂਰ ਕਰਨ ਵਿੱਚ ਸਹਾਇਤਾ ਕਰਨ ਲਈ | • ਤੰਦਰੁਸਤੀ ਦਾ ਸਮਰਥਨ ਕਰਨ ਅਤੇ ਸਿੱਖਣ ਵਿੱਚ ਪਛਾਣੀਆਂ ਗਈਆਂ ਰੁਕਾਵਟਾਂ ਨੂੰ ਦੂਰ ਕਰਨ ਵਾਲੀਆ ਗਤੀਵਿਧੀਆ ਨੂੰ ਲਾਗੂ ਕਰਨ ਲਈ ਸਾਰਿਆਂ ਨੂੰ ਫੰਡ ਅਲਾਟ ਕਰਨਾ। ਸਾਈਟ ਖਰਚੇ ਸਿਖਲਾਈ ਦੇ ਅੰਤਰਾਂ ਨੂੰ ਖਤਮ ਕਰਨ ਲਈ ਪਛਾਣੇ ਗਏ ਉਪ ਸਮੂਹਾਂ 'ਤੇ ਕੇਂਦ੍ਰਤ ਹੋਣਗੇ (ਇਸ ਵਿੱਚ ਵਾਧੂ ਸਹਾਇਤਾ ਲਈ ਕਰਮਚਾਰੀ, ਇੰਟਰਵੈਂਸ਼ਨ ਟੀਚਰ, ਸਮਾਜਿਕ ਵਿਵਿਹਾਰਤ ਸਿਖਲਾਈ-SEL/ਵਿਵਹਾਰਕ ਸਰੋਤ, ਅਤੇ ਸਕੂਲ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਲੋੜੀਂਦੀ ਸਾਈਟ ਪੱਧਰ ਦੀ ਸਿਖਲਾਈ ਸ਼ਾਮਲ ਹੋ ਸਕਦੀ ਹੈ) | |

| | | | |
|---|---|---|---|
| | | • ਸਾਰੇ ਐਲੀਮੈਂਟਰੀ ਸਕੂਲਾਂ ਸਾਈਟਾਂ ਵਿੱਚ ਵਿਸਤ੍ਰਿਤ ਲਰਨਿੰਗ ਪ੍ਰੋਗਰਾਮ(ਈਐਲਪੀਜ਼), ਜਿਨਾਂ ਨੂੰ ਪਹਿਲਾਂ ਆਫਟਰ ਸਕੂਲ ਪ੍ਰੋਗਰਾਮ ਨਾਲ ਜਾਣਿਆ ਜਾਂਦਾਂ ਸੀ। ਪਛਾਣੇ ਗਏ ਵਿਦਿਆਰਥੀਆ ਦੀਆਂ ਲੋੜਾਂ ਦੇ ਅਧਾਰ ਤੇ ਮੌਜੂਦਾ ਸਕੂਲਾਂ ਵਿੱਚ ਈਐਲਪੀਜ਼ ਤੱਕ ਪਹੁੰਚ ਵਧਾਉਣੀ।<br>• ਸੈਂਟਰਲ ਦੀ ਸੇਫ (SAFE) ਟੀਮ ਅਤੇ ਵਿਹਾਰ ਪ੍ਰਤੀਕਿਰਿਆ ਦੁਆਰਾ ਸਮਾਜਿਕ-ਭਾਵਨਾਤਮਕ ਸਿਖਲਾਈ ਅਤੇ ਵਿਵਹਾਰਕ ਸਹਾਇਤਾ। ਵਿਹਾਰ ਨੂੰ ਬਹਾਲ ਕਰਨ ਅਤੇ ਗ੍ਰੈਜੂਏਸ਼ਨ, ਕਾਲਜ, ਅਤੇ/ਜਾਂ ਕਰੀਅਰ ਦੀ ਤਿਆਰੀ ਦੇ ਰਾਹ 'ਤੇ ਵਿਦਿਆਰਥੀਆਂ ਨੂੰ ਮੁੜ ਸਥਾਪਿਤ ਕਰਨ ਲਈ ਐਲੀਮੈਂਟਰੀ ਅਤੇ ਮਿਡਲ ਸਕੂਲ ਵਿੱਚ ਅਵਸਰਾਂ ਲਈ ਤੀਬਰ ਸਹਾਇਤਾ। | |
| 9 | ਕਮਿਊਨਿਟੀ ਲਰਨਿੰਗ ਹੱਬਸ /ਵਿੱਦਿਅਕ ਤਕਨਾਲੋਜੀ | • ਸੈਂਟਰਲ ਯੂਨੀਫਾਈਡ ਦੇ ਤਿੰਨਾਂ ਖੇਤਰਾਂ ਵਿੱਚੋ ਹਰੇਕ ਵਿੱਚ ਕਮਿਊਨਿਟੀ ਲਰਨਿੰਗ ਹੱਬ ਵਿਸਤ੍ਰਿਤ ਸੇਵਾਂਵਾਂ ਪ੍ਰਦਾਨ ਕਰਦੀਆਂ ਹਨ ਜਿਵੇਂ ਕਿ ਜਿਵੇਂ ਕਿ ਕਰੀਅਰ ਕਾਉਂਸਲਿੰਗ, ਟਿਊਸ਼ਨ, ਮਾਨਸਿਕ ਸਿਹਤ ਸੇਵਾਵਾਂ ਅਤੇ ਮਾਪਿਆਂ ਲਈ ਸਿਖਲਾਈ।<br>• ਤਕਨਾਲੋਜੀ ਅਤੇ ਇੰਟਰਨੈਟ ਤੱਕ ਪਹੁੰਚ ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਸਕੂਲ ਦੇ ਦਿਨ ਤੋਂ ਬਾਅਦ ਸਕੂਲ ਦੇ ਸਰੋਤਾਂ ਨਾਲ ਜੁੜੇ ਰਹਿਣ ਦੀ ਆਗਿਆ ਦਿੰਦੀ ਹੈ। | |
| 10 | ਗ੍ਰੈਜੂਏਸ਼ਨ ਦਰ/ਕਾਲਜ ਕਰੀਅਰ ਲਈ ਤਿਆਰੀ | • ਗ੍ਰੈਜੂਏਸ਼ਨ ਅਤੇ ਕਾਲਜ/ਕਰੀਅਰ ਦੀ ਤਿਆਰੀ ਲਈ ਸਫਲਤਾ ਦਾ ਸਮਰਥਨ ਕਰਨ ਵਾਲੀਆਂ ਵਿਸ਼ੇਸ਼ ਗਤੀਵਿਧੀਆਂ ਨੂੰ ਲਾਗੂ ਕਰਨ ਲਈ ਕ੍ਰੈਡਿਟ ਦੀ ਘਾਟ ਵਾਲੇ ਵਿਦਿਆਰਥੀਆਂ ਦੀ ਗਿਣਤੀ ਦੇ ਅਧਾਰ ਤੇ ਹਾਈ ਸਕੂਲਾਂ ਨੂੰ ਫੰਡ ਅਲਾਟ ਕਰਨਾ। ਸਾਈਟ ਖਰਚਿਆਂ ਤੋਂ ਉਨ੍ਹਾਂ ਸਮੂਹਾਂ 'ਤੇ ਧਿਆਨ ਕੇਂਦਰਤ ਕੀਤੇ ਜਾਣ ਦੀ ਉਮੀਦ ਕੀਤੀ ਜਾਂਦੀ ਹੈ ਜੋ ਗ੍ਰੈਜੂਏਸ਼ਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪੂਰਕ(ਸਪਲੀਮੈਂਟਲ) ਸੇਵਾਵਾਂ ਤੋਂ ਲਾਭ ਪ੍ਰਾਪਤ ਕਰਨਗੇ (ਇਸ ਵਿੱਚ ਵਾਧੂ ਸਲਾਹ/ਕੌਂਸਲਿੰਗ, ਸਰੋਤ, ਕਾਲਜ ਅਤੇ ਕਰੀਅਰ ਤੱਕ ਪਹੁੰਚ ਦੇ ਮੌਕੇ/ਸਲਾਹ ਸ਼ਾਮਲ ਹੋ ਸਕਦੀ ਹੈ।) | |
| 11 | ਅਤਿਰਿਕਤ ਅਕਾਦਮਿਕ ਸੇਵਾਂਵਾਂ | • ਗਣਿਤ ਅਤੇ ਸਾਖਰਤਾ ਵਿੱਚ ਉੱਚ ਗੁਣਵੱਤਾ ਵਾਲੇ ਅਕਾਦਮਿਕ ਤਜ਼ਰਬਿਆਂ ਤੱਕ ਵਿਦਿਆਰਥੀਆਂ ਦੀ ਪਹੁੰਚ ਜੋ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਸੁਧਾਰ ਲਿਆਏਗੀ ਅਤੇ ਉਨ੍ਹਾਂ ਨੂੰ ਸਖਤ ਅਕਾਦਮਿਕ ਜਾਂਚ ਦੁਆਰਾ ਆਪਣੇ ਟੀਚਿਆਂ ਤੱਕ ਪਹੁੰਚਣ ਲਈ ਤਿਆਰ ਕਰੇਗੀ ਅਤੇ ਨਾਲ ਹੀ ਸੁਧਾਰ ਦੇ ਯਤਨਾਂ ਲਈ ਵਧੇਰੇ | |

| | | | |
|---|---|---|---|
| | | ਨਿਸ਼ਾਨਾਬੱਧ ਪਹੁੰਚ ਦੀ ਜਾਣਕਾਰੀ ਦੇਣ ਲਈ ਸੈਂਟਰਲ ਦੇ ਵਿਦਿਆਰਥੀਆਂ ਦੇ ਇਤਿਹਾਸਕ ਵਿਕਾਸ ਦੇ ਰਾਹ ਦੀ ਪਛਾਣ ਕਰੇਗੀ।<br>● ਇੰਗਲਿਸ਼ ਲੈਂਗੁਏਜ ਆਰਟਸ (ELA) ਅਤੇ ਗਣਿਤ ਵਿੱਚ K-12 ਦੀ ਅਕਾਦਮਿਕ ਤਰੱਕੀ ਦੀ ਪਛਾਣ ਅਤੇ ਨਿਗਰਾਨੀ ਲਈ ਵਰਤੇ ਗਏ ਮੁਲਾਂਕਣਾਂ ਤੱਕ ਪਹੁੰਚ। ਸਿਖਲਾਈ ਵਿੱਚ ਘਾਟਾਂ ਨੂੰ ਨਿਰਧਾਰਤ ਕਰਨ ਲਈ ਡਿਸਟ੍ਰਿਕਟ ਨਿਯਮਿਤ ਤੌਰ ਤੇ ਮੁਲਾਂਕਣ ਦੇ ਅੰਕੜਿਆਂ ਦੀ ਜਾਂਚ ਕਰੇਗਾ। ਜੇ ਘਾਟਾਂ ਦੀ ਪਛਾਣ ਕੀਤੀ ਜਾਂਦੀ ਹੈ, ਤਾਂ ਡਿਸਟ੍ਰਿਕਟ ਲੋੜਾਂ ਪੂਰੀਆਂ ਕਰਨ ਲਈ ਵਾਧੂ ਸਟਾਫ ਜਾਂ ਸਹਾਇਤਾ ਕਰਮਚਾਰੀਆਂ ਦੀ ਭਰਤੀ ਅਤੇ ਨਿਯੁਕਤੀ ਕਰੇਗਾ। | |
| 12 | ਪੇਸ਼ੇਵਰ ਸਿਖਲਾਈ | ● ਸਟਾਫ ਲਈ ਪ੍ਰੋਫੈਸ਼ਨਲ ਡਿਵੈਲਪਮੈਂਟ ਪ੍ਰੋਗਰਾਮ ਜੋ ਕਿ ਕਲਾਸਰੂਮ ਦੀਆ ਮਜ਼ਬੂਤ ਹਿਦਾਇਤਾਂ ਦਾ ਸਮਰਥਨ ਕਰਦਾ ਹੈ, ਗ੍ਰੇਡ ਲੈਵਲ ਦੇ ਸਟੈਂਡਰਡਾ ਦੀ ਨਿਪੁੰਨਤਾ ਲਈ ਵੱਖਰਾ-ਵੱਖਰਾ ਸਮਰਥਨ, ਅਤੇ ਪੜਾਈ ਵਿੱਚ ਆਏ ਵਿਘਨ ਕਾਰਨ ਮੁੱਢਲੇ ਹੁਨਰਾਂ ਵਿੱਚ ਅੰਤਰ ਨੂੰ ਕਿਵੇਂ ਦੂਰ ਕਰਨਾ ਹੈ।<br>● ਸਾਰੇ ਸਟਾਫ ਦੀ ਸਿਖਲਾਈ, ਵਿਦਿਆਰਥੀਆਂ ਦੀ ਤੰਦਰੁਸਤੀ, ਸੁਰੱਖਿਆ ਅਤੇ ਸਮਾਨਤਾ ਦਾ ਸਮਰਥਨ ਕਰੇਗੀ। ਡਿਸਟ੍ਰਿਕਟ ਕਮਿਊਨਿਟੀ ਲਰਨਿੰਗ ਹੱਬਾਂ ਵਿੱਚ ਮਾਪਿਆਂ ਦੀ ਸਿਖਲਾਈ ਵਧਾਉਣਾ ਜਾਰੀ ਰੱਖੇਗਾ ਜੋ ਪਰਿਵਾਰਕ ਸਾਖਰਤਾ, ਘਰ: ਸਕੂਲ ਵਿਚਕਾਰ ਤਕਨਾਲੋਜੀ ਦੁਆਰਾ ਸੰਚਾਰ, ਅਤੇ ਕਾਲਜ ਅਤੇ ਕਰੀਅਰ ਯੋਜਨਾਬੰਦੀ ਨੂੰ ਸੰਬੋਧਿਤ ਕਰਦੇ ਹਨ। | |
| 13 | ਸੁਤੰਤਰ ਅਧਿਐਨ ਜਾਂ ਇੰਡਿਪੈਂਡੈਂਟ ਸਟੱਡੀ | ● ਅਪਡੇਟ ਕੀਤੇ ਹੋਏ ਅਤੇ ਵਿਸਤ੍ਰਿਤ ਇੰਡਿਪੈਂਡੈਂਟ ਸਟੱਡੀ ਪ੍ਰੋਗਰਾਮ ਦੇ ਦੁਆਰਾ ਏਬੀ 130 ਦੀਆਂ ਜਰੂਰਤਾਂ ਨੂੰ ਲਾਗੂ ਕਰਦਾ ਹੈ<br>● ਕੋਰਨਟੀਨ ਇੰਡਿਪੈਂਡੈਂਟ ਸਟੱਡੀ ਟੀਚਰ (Q-IST)। ਇਹ ਪ੍ਰੋਗਰਾਮ ਇੰਡਿਪੈਂਡੈਂਟ ਸਟੱਡੀ ਦੀ ਸੁਵਿਧਾ ਪ੍ਰਦਾਨ ਕਰਨ ਵਾਲਿਆ ਦੀ ਵਰਤੋਂ ਕਰੇਗਾ ਜੋ ਕਿ ਸਰਟੀਫਿਕੇਟਡ ਸਟਾਫ ਹੈ ਜੋ ਇਹ ਸੁਨਿਸ਼ਚਿਤ ਕਰਦੇ ਹਨ ਕਿ ਵਿਦਿਆਰਥੀ ਕੋਲ ਲੋੜੀਂਦੀ ਸਮੱਗਰੀ ਅਤੇ ਪਾਠਕ੍ਰਮ ਉਪਲੱਬਧ ਹੈ ਕਿ ਨਹੀਂ, ਇਸਦੀ ਪੁਸ਼ਟੀ ਕਰੇਗਾ ਕਿ ਵਿਦਿਆਰਥੀਆ ਨੇ ਕੰਮ ਪੂਰਾ ਕੀਤਾ ਹੈ ਕਿ ਨਹੀਂ, ਅਤੇ ਸਮਕਾਲੀ(ਸਿਨੋਕਰੋਨਸ) ਅਤੇ ਰੋਜਾਨਾ ਲਾਈਵ ਇੰਸਟਰੱਕਸ਼ਨਾਂ ਦਾ ਨੂੰ ਦਸਤਾਵੇਜ ਕਰੇਗਾ। | 7,900,000 |